ਆਰ.ਬੀ.ਆਈ/2006-2007/299 **DBOD. Dir. BC. 70/13.01.01/ 2006-07**

ਡੀ.ਬੀ.ਓ.ਡੀ. ਡੀਆਈਆਰ. ਬੀ.ਸੀ. 70/13.01.01/2006-07

30 ਮਾਰਚ, 2007

9 ਚੇਤ, 1929(ਸ਼ਕ)

ਸਾਰੇ ਵਪਾਰਕ ਬੈਂਕ

(ਖੇਤਰੀ ਪੇਂਡੂ ਬੈਂਕਾਂ ਨੂੰ ਛੱਡ ਕੇ)

ਸ਼੍ਰੀਮਾਨ ਜੀ,

ਚੈਕਾਂ ਦਾ ਨਜ਼ਦੀਕੀ ਰੁਪਏ ਤੱਕ ਪੁਨਰਾਂਕਨ

ਕਿਰਪਾ ਕਰਕੇ 'ਜਮ੍ਹਾਂ-ਰਾਸ਼ੀਆਂ ਤੇ ਵਿਆਜ ਦਰਾਂ' ਵਿਸ਼ੇ ਤੇ 1 ਜੁਲਾਈ, 2006 ਦੇ ਸਾਡੇ ਪ੍ਰਮੁੱਖ ਅਧਿਸੂਚਨਾ ਪੱਤਰ ਡੀ.ਬੀ.ਓ.ਡੀ. ਡੀਆਈਆਰ. ਬੀ.ਸੀ. 6/13.03.00/2006-07 ਦੇ ਪੈਰ੍ਹਾ 19 ਦੀ ਪੜਚੋਲ ਕਰੋ, ਜਿਸ ਰਾਹੀਂ ਬੈਂਕਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਜਮ੍ਹਾਂ-ਰਾਸ਼ੀਆਂ ਤੇ ਵਿਆਜ ਭੁਗਤਾਨ/ਕਰਜ਼ਿਆਂ ਤੇ ਵਿਆਜ ਦਰ ਸਮੇਤ ਸਾਰੇ ਲੈਣ-ਦੇਣ ਨੇੜਲੇ ਰੁਪਏ ਤਕ ਪੁਨਰਾਂਕਿਤ ਕੀਤੀ ਜਾਣੀ ਚਾਹੀਦੀ ਹੈ ਭਾਵ 50 ਪੈਸੇ ਅਤੇ ਉਸ ਤੋਂ ਵੱਧ ਦੀ ਅੰਸ਼ਕ ਰਾਸ਼ੀ ਅਗਲੇ ਉਚਤਮ ਰੁਪਏ ਵਿਚ ਪੁਨਰਾਂਕਿਤ ਕੀਤੀ ਜਾਣੀ ਚਾਹੀਦੀ ਹੈ ਅਤੇ 50 ਪੈਸੇ ਤੋਂ ਘਟ ਦੀ ਰਾਸ਼ੀ ਨੂੰ ਗਿਣਤੀ ਵਿਚ ਸ਼ਾਮਲ ਨਹੀਂ ਕਰਨਾ ਚਾਹੀਦਾ। ਇਹ ਵੀ ਸੂਚਿਤ ਕੀਤਾ ਗਿਆ ਸੀ ਕਿ ਨਕਦੀ ਪ੍ਰਮਾਣ-ਪੱਤਰਾਂ ਦਾ ਜਾਰੀਕਰਨ ਮੁੱਲ ਵੀ ਇਸੀ ਤਰ੍ਹਾਂ ਪੁਨਰਾਂਕਿਤ ਕੀਤਾ ਜਾਣਾ ਚਾਹੀਦਾ ਹੈ। ਫਿਰ ਵੀ, ਬੈਂਕਾਂ ਨੂੰ ਇਹ ਨਿਰਦੇਸ਼ ਦਿੱਤਾ ਗਿਆ ਸੀ ਕਿ ਗਾਹਕਾਂ ਵਲੋਂ ਜਾਰੀ ਚੈਕਾਂ ਵਿਚ ਰੁਪਏ ਦਾ ਅੰਸ਼ ਹੋਵੇ ਤਾਂ ਉਸ ਨੂੰ ਨਾ-ਮਨਜ਼ੂਰ ਜਾਂ ਲੈਣ ਤੋਂ ਇਨਕਾਰ ਨਹੀਂ ਕੀਤਾ ਜਾਣਾ ਚਾਹੀਦਾ।

2. ਅਸੀਂ ਸੂਚਿਤ ਕਰਦੇ ਹਾਂ ਕਿ ਹਾਲ ਵਿਚ ਗੁਜ਼ਰਾਤ ਉਚ ਅਦਾਲਤ, ਅਹਿਮਦਾਬਾਦ ਦੇ ਸਾਹਮਣੇ ਇਕ ਮਾਮਲਾ ਆਇਆ ਜਿਸ ਵਿਚ ਇਕ ਬੈਂਕ ਨੇ ਸਰਕਾਰੀ ਖ਼ਾਤੇ ਵਿਚ ਜਮ੍ਹਾਂ ਕਰਨ ਲਈ ਅੰਸ਼ਕ ਰੁਪਏ ਵਿਚ ਦਿੱਤੇ ਡਰਾਫ਼ਟ ਨੂੰ ਵਸੂਲੀ ਲਈ ਪੇਸ਼ ਕਰਨ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ। ਗੁਜ਼ਰਾਤ ਉਚ ਅਦਾਲਤ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਾਰਤੀ ਰਿਜ਼ਰਵ ਬੈਂਕ ਨੂੰ ਇਹ ਨਿਦੇਸ਼ ਦਿੱਤਾ ਹੈ ਕਿ ਇਸ ਸਬੰਧ ਵਿਚ ਉਪਰੋਕਤ ਪਹਿਲੇ ਪੈਰ੍ਹੇ ਵਿਚ ਸ਼ਾਮਲ ਵਿਸਤਾਰਪੂਰਕ ਅਨੁਦੇਸ਼ਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਧੀ ਦੇ ਅਨੁਸਾਰ ਉਚਿਤ ਕਦਮ ਉਠਾਏ ਜਾਣ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਉਨ੍ਹਾਂ ਸਾਰੇ ਬੈਂਕਾਂ ਨੂੰ, ਜਿਨ੍ਹਾਂ ਨੇ ਅਜਿਹੇ ਚੈਕ ਆਦਿ ਨਹੀਂ ਲੈਣ ਲਈ ਅੰਦਰੂਨੀ ਅਧਿਸੂਚਨਾ ਜਾਰੀ ਕੀਤੇ ਹਨ, ਨਵੀਂ ਅਧਿਸੂਚਨਾ/ਸੂਚਨਾ ਜਾਰੀ ਕੀਤੀ ਜਾਵੇ ਅਤੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਅੰਸ਼ਕ ਰੁਪਏ ਵਿਚ ਦਿੱਤੇ ਚੈਕਾਂ/ਡਰਾਫ਼ਟਾਂ ਨੂੰ ਲੈਣ ਤੋਂ ਇਨਕਾਰ ਕਰਨ ਵਾਲਿਆਂ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ। ਇਸ ਲਈ ਬੈਂਕਾਂ ਨੂੰ ਇਹ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਇਹ ਸੁਨਿਸ਼ਚਿਤ ਕਰਨ ਕਿ ਗਾਹਕਾਂ ਦੁਆਰਾ ਅੰਸ਼ਕ ਰੁਪਏ ਵਿਚ ਭੇਜੇ ਚੈਕ/ਡਰਾਫ਼ਟ ਉਨ੍ਹਾਂ ਵਲੋਂ ਨਾ-ਮਨਜ਼ੂਰ ਜਾਂ ਲੈਣ ਤੋਂ ਇਨਕਾਰ ਨਹੀਂ ਕੀਤੇ ਜਾਂਦੇ ਹਨ। ਬੈਂਕ ਇਸ ਸਬੰਧ ਵਿਚ ਅਪਣੀ ਕਾਰਜਵਿਧੀ ਦੀ ਵੀ ਪੜਤਾਲ ਕਰਨ ਅਤੇ ਅੰਦਰੂਰੀ ਅਧਿਸੂਚਨਾ ਆਦਿ ਜਾਰੀ ਕਰਕੇ ਜ਼ਰੂਰੀ ਕਦਮ ਉਠਾਉਂਦੇ ਹੋਏ ਸਬੰਧਤ ਅਮਲੇ ਨੂੰ ਇਨ੍ਹਾਂ ਅਨੁਦੇਸ਼ਾਂ ਤੋਂ ਭਲੀ-ਭਾਂਤ ਜਾਣੂੰ ਕਰਵਾਉਣ ਤਾਂਕਿ ਆਮ ਜਨਤਾ ਨੂੰ ਕਠਿਨਾਈ ਨਾ ਹੋਵੇ। ਬੈਂਕ ਇਹ ਵੀ ਸੁਨਿਸ਼ਚਿਤ ਕਰਨ ਕਿ ਉਨ੍ਹਾਂ ਅਮਲਾ ਕਰਮਚਾਰੀਆਂ ਵਿਰੁੱਧ ਉਚਿਤ ਕਾਰਵਾਈ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਅੰਸ਼ਕ ਰੁਪਏ ਵਾਲੇ ਚੈਕਾਂ/ਡਰਾਫ਼ਟਾਂ ਨੂੰ ਲੈਣ ਤੋਂ ਇਨਕਾਰ ਕੀਤਾ ਹੈ।

3. ਕਿਰਪਾ ਕਰਕੇ ਨੋਟ ਕਰੋ ਕਿ ਉਪਰੋਕਤ ਅਨੁਦੇਸ਼ਾਂ ਦਾ ਉਲੰਘਣ ਕਰਨ ਵਾਲੇ ਬੈਂਕ ਨੂੰ ਬੈਂਕਕਾਰੀ ਵਿਨਿਯਮਨ ਅਧਿਨਿਯਮ, *1949* ਦੇ ਖੰਡਾਂ ਦੇ ਅੰਤਰਗਤ ਸਜ਼ਾਯੋਗ ਕੀਤਾ ਜਾ ਸਕਦਾ ਹੈ।

*ਹਿਤੂ,*

*(ਪੀ. ਵਿਜੈ ਭਾਸਕਰ),*

*ਮੁੱਖ ਮਹਾਂਪ੍ਰਬੰਧਕ*